ਵਿਭਾਗ ਪੁਲਿਸ ਕਮਿਸ਼ਨਰੇਟ ਅੰਮ੍ਰਿਤਸਰ

## ਰੋਜ਼ਾਨਾਂ ਕਰਾਇਮ ਰਿਪੋਰਟ ਮਿਤੀ 13.04.25 ਵਕਤ 12.00 ਏ.ਐਮ.ਤੋਂ 12.00 ਏ.ਐਮ. ਤੱਕ

### ਏ.ਡੀ.ਸੀ.ਪੀ-1

2.ਏ.ਸੀ.ਪੀ. / ਸੈਂਟਰਲ ( ਡੀ -ਡਵੀਜਨ, ਈ -ਡਵੀਜਨ, ਗੇਟ ਹਕੀਮਾ,ਇਸਲਾਮਾਬਾਦ)

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 2. | **ਈ-ਡਵੀਜਨ** | 23 DT 13.04.25 U/S 305(A),331(4) BNS | ਵਿਜੇ ਕੁਮਾਰ | ਨਾ ਮਲੂਮ ਵਿਅਕਤੀ | ਮੁਦਈ ਮੈਡੀਸਨ ਮਾਰਕੀਟ ਕਟੜਾ ਸ਼ੇਰ ਹਾਲ ਗੇਟ ਅੰਮ੍ਰਿਤਸਰ ਵਿਖੇ ਵਿਜੇ ਮੈਡੀਸਨ ਸਟੋਰ ਨਾਮ ਦੀ ਹੋਲਸੇਲ ਦੀ ਦੁਕਾਨ ਕਰਦਾ ਹੈ ਉਹ ਰੋਜਾਨਾ ਦੀ ਤਰਾ ਮਿਤੀ 12.04.2025 ਨੂੰ ਰਾਤ ਨੂੰ ਵਕਤ ਕਰੀਬ 08.00 ਵਜੇ ਰਾਤ ਆਪਣੀ ਦੁਕਾਨ ਬੰਦ ਕਰਕੇ ਆਪਣੇ ਘਰ ਚਲਾ ਗਿਆ ਸੀ ਤੇ ਸੁਭਾ ਵਕਤ ਕਰੀਬ 06.00 ਵਜੇ ਮਾਰਕੀਟ ਵਿਚੋ ਕਿਸੇ ਵਿਅਕਤੀ ਦਾ ਫੋਨ ਆਇਆ ਤੁਹਾਡੀ ਦੁਕਾਨ ਦੇ ਤਾਲੇ ਟੁਟੇ ਹੋਏ ਸਨ ਜਦ ਮੈ ਇਸਦੀ ਗੱਲ ਸੁਣ ਕੇ ਆਪਣੀ ਦੁਕਾਨ ਪਰ ਪੁੱਜਿਆ ਤਾ ਦੇਖਿਆ ਕਿ ਦੁਕਾਨ ਦੇ ਤਾਲੇ ਟੁੱਟੇ ਹਨ ਤੇ ਕਾਉਟਰ ਦੇ ਦਰਾਜ ਖੁਲੇ ਹੋਏ ਹਨ ਜਿੰਨਾ ਵਿਚ ਪੈਸੇ ਗਾਇਬ ਸੀ ਅਤੇ ਦੁਕਾਨ ਪਰ ਹੀ ਬਣਿਆ ਹੋਇਆ ਸੇਫਲੋਕ ਵੀ ਟੁੱਟਾ ਹੋਇਆ ਸੀ ਜਿਸ ਵਿਚ ਕਾਫੀ ਰੁਪਏ ਰੱਖੇ ਸਹ ਜੋ ਗਾਇਬ ਸਨ ਰਾਤ ਸਮੇ ਅਣਪਛਾਤੇ ਵਿਅਕਤੀ ਮੇਰੀ ਦੁਕਾਨ ਦੇ ਤਾਲੇ ਤੋੜ ਕੇ ਅੰਦਰ ਵੜ ਕੇ ਪੈਸੇ ਚੋਰੀ ਕਰਕੇ ਲੈ ਗਏ।( **ਮੁਦਈ ਨੇ ਦੱਸਿਆ ਕਿ ਜਿੰਨੇ ਪੈਸੇ ਚੋਰੀ ਹੋਏ ਹਨ ਉਹ ਹਿਸਾਬ ਲਗਾ ਕਿ ਬਾਅਦ ਵਿੱਚ ਦੱਸ ਦੇਵੇਗਾ**) | ASI ਰਾਜੂ |

### ਏ.ਡੀ.ਸੀ.ਪੀ-2

3.ਏ.ਸੀ.ਪੀ.ਨੌਰਥ (ਸਿਵਲ ਲਾਈਨ, ਸਦਰ, ਮਜੀਠਾ ਰੋਡ, ਰਣਜੀਤ ਐਵੀਨਿਊ )

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਸਦਰ** | 47 ਮਿਤੀ 13-04-25 ਜੁਰਮ 61-1-14 EX ACT | ਇੰਸ:ਧਰਵਿੰਦਰ ਸ਼ਰਮਾ ਐਕਸਾਇਜ ਸਰਕਲ ਸਾਉਥ | ਮਨਮੀਤ ਸਿੰਘ | ਇੰਸ:ਧਰਵਿੰਦਰ ਸ਼ਰਮਾ ਐਕਸਾਇਜ ਸਰਕਲ ਸਾਉਥ ਸਮੇਤ ਸਾਥੀ ਕਰਮਚਾਰੀਆ ਵੱਲੋ ਮੁੱਖਬਰ ਖਾਸ ਦੀ ਇਤਲਾਹ ਅਨੁਸਾਰ ਦੋਸ਼ੀ ਮਨਮੀਤ ਸਿੰਘ **ਪਾਸੋ 17 ਬੋਤਲਾ ਬਲੈਡਰ ਪ੍ਰਾਇਡ , 01 ਬੋਤਲ** | ASI ਗੁਰਨਾਮ ਸਿੰਘ |

| | | | | | | |
|---|---|---|---|---|---|---|
| | | | | | **ਬਲੈਕ ਐਡ ਵਾਇਟ , 01ਬੋਤਲ ਟੀਚਰ , 01 ਬੋਤਲ ਓਕਨ ਗਲੋ ਅੰਗਰੇਜੀ ਸ਼ਰਾਬ 48 ਕੈਨ ਬੀਅਰ ਕਿੰਗਫਿਸ਼ਰ ਬ੍ਰਾਮਦ** ਕਰਕੇ ਡਿਊਟੀ ਅਫਸਰ ਥਾਣਾ ਹਵਾਲੇ ਕੀਤਾ ਗਿਆ ਜਿਸ ਤੇ ਮੁਕਦਮਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਦੀ ਗਈ । | |
| 2 | **ਸਦਰ** | 48 ਮਿਤੀ 13-04-25 ਜੁਰਮ 103(1), 3(5),61(2) BNS , 25-54-59 Arms ACT | ਹੈਪੀ | 1.ਬਬਲੂ<br>2. 02 ਨਾ ਮਾਲੂਮ ਵਿਅਕਤੀ | ਮੁਦਈ ਨੇ ਬਿਆਨ ਕੀਤਾ ਕਿ ਮੇਰੇ ਚਾਰ ਬੱਚੇ ਹਨ, ਦੋ ਲੜਕੇ ਅਤੇ ਦੋ ਲੜਕੀਆਂ ਹਨ। ਮੇਰਾ ਸਭ ਤੋਂ ਛੋਟਾ ਲੜਕਾ ਆਰਨਵ ਸਿੰਘ ਉਰਫ ਲਵਪ੍ਰੀਤ ਸਿੰਘ ਉਰਫ ਲਵ ਜੋ ਪਹਿਲਾਂ ਸੈਲੂਨ ਦਾ ਕੰਮ ਕਰਦਾ ਸੀ ਤੇ ਉਸਦਾ ਐਕਸੀਡੈਂਟ ਹੋਣ ਕਰਕੇ ਸੱਜੀ ਲੱਤ ਗੋਢੇ ਤੋਂ ਉਪਰੋਂ ਕੱਟੀ ਗਈ ਸੀ ਤੇ ਹੁਣ ਵਿਹਲਾ ਸੀ। ਮੈਂ ਕੱਲ ਮਿਤੀ 12-4-25 ਨੂੰ ਵਕਤ ਕ੍ਰੀਬ 6 ਵਜੇ ਸਾਮ ਘਰ ਮੌਜੂਦ ਸੀ ਕਿ ਮੇਰਾ ਲੜਕਾ ਅਰਨਵ ਸਿੰਘ ਉਕਤ ਘਰੋ ਆਪਣੀ ਐਕਟਿਵਾ ਲੈ ਕੇ ਕਿਧਰੇ ਕੰਮ ਗਿਆ ਸੀ ਜੋ ਮੈਂ ਵਕਤ ਕ੍ਰੀਬ 11 ਵਜੇ ਆਪਣੀ ਕਲੋਨੀ ਦੇ ਗੇਟ ਦੇ ਬਾਹਰ ਆਪਣੇ ਲੜਕੇ ਆਰਨਵ ਸਿੰਘ ਉਰਫ ਲਵ ਦੀ ਉਡੀਕ ਕਰ ਰਿਹਾ ਸੀ ਕਿ ਮੇਰਾ ਲੜਕਾ ਆਰਨਵ ਸਿੰਘ ਉਰਫ ਲਵ ਆਪਣੀ ਐਕਟਿਵਾ ਪਰ ਆਉਂਦਾ ਦਿਖਾਈ ਦਿੱਤਾ ਜੋ ਇਸੇ ਦੌਰਾਨ ਉਸਦੇ ਸੱਜੇ ਖੱਬੇ ਦੋ ਟੂ ਵਹੀਲਰਾਂ ਤੇ ਸਵਾਰ ਤਿੰਨ ਨੌਜਵਾਨਾਂ ਨੇ ਮੇਰੇ ਵੇਖਦੇ ਵੇਖਦੇ ਹੀ ਆਪਣੇ ਹਥਿਆਰਾਂ ਨਾਲ ਮੇਰੇ ਲੜਕੇ ਆਰਨਵ ਸਿੰਘ ਉਰਫ ਲਵ ਦੇ ਗੋਲੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਮੇਰਾ ਲੜਕਾ ਆਪਣੀ ਐਕਟਿਵਾ ਤੋਂ ਥੱਲੇ ਡਿੱਗ ਪਿਆ ਤੇ ਮੈਂ ਮਾਰ ਦਿੱਤਾ ਮਾਰ ਦਿੱਤਾ ਦਾ ਰੋਲਾ ਪਾਉਂਦਾ ਆਪਣੇ ਲੜਕੇ ਵੱਲ ਨੂੰ ਦੌੜਿਆ ਤਾਂ ਵੇਖਿਆ ਕਿ ਗੋਲੀਆ ਚਲਾਉਣ ਵਾਲੇ ਨੌਜਵਾਨਾਂ ਵਿੱਚੋ ਇੱਕ ਨੌਜਵਾਨ ਬਬਲੂ ਵਾਸੀ ਨੰਗਲੀ ਭੱਠਾ ਦਇਆ ਨੰਦ ਨਗਰ ਸੀ, ਜਿਸਨੂੰ ਮੈਂ ਪਹਿਲਾਂ ਤੋਂ ਹੀ ਜਾਣਦਾ ਹਾਂ ਤੇ ਉਸ ਨਾਲ ਦੇ ਹੋਰ ਅਣਪਛਾਤੇ ਨੌਜਵਾਨ ਜਿਨਾ ਨੂੰ ਮੈਂ ਸਾਹਮਣੇ ਆਉਣ ਤੇ ਪਹਿਚਾਣ ਸਕਦਾ ਹਾਂ, ਮੈਨੂੰ ਆਪਣੇ ਵੱਲ ਦੌੜਾ ਆਉਂਦਾ ਵੇਖ ਕੇ ਆਪਣੇ ਆਪਣੇ ਵਹੀਕਲਾਂ ਤੇ ਹਥਿਆਰਾਂ ਸਮੇਤ ਉੱਥੇ ਫਤਿਹਗੜ੍ਹ ਚੂੜੀਆਂ ਰੋਡ ਵਾਲੇ ਪਾਸੇ ਫਰਾਰ ਹੋ ਗਏ। ਜੋ ਮੌਕਾ ਤੇ ਹੀ ਮੇਰੇ ਲੜਕੇ ਆਰਨਵ ਸਿੰਘ ਉਰਫ ਲਵ ਦੀ ਮੌਤ ਹੋ ਗਈ।ਜਿਸ ਤੇ ਮੁਕੱਦਮਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਦੀ ਗਈ ਹੈ। | INSP/SHO ਹਰਿੰਦਰ ਸਿੰਘ |

## 5.ਏ.ਸੀ.ਪੀ.ਵੈਸਟ (ਛੇਹਰਟਾ, ਕੰਟੋਨਮੈਂਟ)

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 4. | **ਛੇਹਰਟਾ** | 66 ਮਿਤੀ 13-04-25 ਜੁਰਮ 21-B,27-A/61/85 NDPS ACT | ASI ਜੀਵਨ ਸਿੰਘ | ਕਾਲਾ ਸਿੰਘ | ਅੱਜ ਮਨ ASI ਸਮੇਤ ਸਾਥੀ ਕਰਮਚਾਰੀਆ ਸਮੇਤ ਲੈਪਟਾਪ ਪ੍ਰਿੰਟਰ ਹਮਰਾਹ ਲੈ ਕੇ ਬਾ ਸਵਾਰੀ ਸਰਕਾਰੀ ਗੱਡੀ ਸਕਾਰਪੀਓ ਜਿਸਦਾ ਡਰਾਈਵਰ ASI ਬਲਕਾਰ ਸਿੰਘ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਨੇੜੇ ਡੇਰਾ ਬਾਬਾ ਦਰਸਨ ਸਿੰਘ ਬਾਈਪਾਸ ਅੰਮ੍ਰਿਤਸਰ ਗੰਦੇ ਨਲੇ ਦੇ ਨਾਲ ਨਾਲ ਜਾ ਰਹੇ ਸੀ ਕਿ ਅੱਗੇ ਤੋ ਇੱਕ ਮੋਨਾ ਨੋਜਵਾਨ ਟਾਰਚ ਦੀ ਰੋਸ਼ਨੀ ਵਿੱਚ ਗੰਦਾ ਨਾਲੇ ਦੇ ਨਾਲ ਨਾਲ ਪੈਦਲ ਆਂਉਦਾ ਦਿਖਾਈ ਦਿੱਤਾ। ਜੋ ਸਾਹਮਣੇ ਪੁਲਿਸ ਪਾਰਟੀ ਨੂੰ ਵੇਖ ਕੇ ਯਕਦਮ ਘਬਰਾ ਕੇ ਪਿੱਛੇ ਨੂੰ ਮੁੜਨ ਲੱਗਾ ਤੇ ਆਪਣੇ- ਪਹਿਨੀ ਹੋਈ ਪੈਂਟ ਦੀ ਸੱਜੀ ਜੇਬ ਵਿਚੋ ਮੋਮੀ ਲਿਫਾਫਾ ਰੰਗ ਕਾਲਾ ਵਿੱਚ ਕੋਈ ਚੀਜ ਕੱਢ ਕੇ ਝਾੜੀਆਂ-ਵਿੱਚ ਸੁਟਣ ਲੱਗੇ ਨੂੰ ਮਨ ASI ਨੇ ਸਾਥੀ ਕ੍ਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਕਾਲਾ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਗਲੀ ਬੱਬੂ ਪ੍ਰਧਾਨ ਵਾਲੀ ਮਿਲਾਪ ਐਵੀਨਿਊ ਅੰਮ੍ਰਿਤਸਰ ਦੱਸਿਆ। ਜਿਸ ਦੀ ਤਲਾਸ਼ੀ ਕਰਨ ਤੇ ਉਸ **ਪਾਸੋ ਮੋਮੀ ਲਿਫਾਫੇ ਵਿਚੋ 20 ਗ੍ਰਾਮ ਹੈਰੋਇਨ, ਤੇ ਡਰੱਗ ਮਨੀ 3100 ਰੁਪਏ ਭਾਰਤੀ ਕਰੰਸੀ ਨੋਟ** ਬ੍ਰਾਮਦ ਹੋਏ । | ASI ਜੀਵਨ ਸਿੰਘ ਇੰਚਾਰਜ ਚੋਕੀ ਕਾਲੇ ਘੰਨੂਪੁਰ ਛੇਹਰਟਾ |

## ਏ.ਡੀ.ਸੀ.ਪੀ-3

## 6. ਏ.ਸੀ.ਪੀ.ਈਸਟ (ਮਕਬੂਲਪੁਰਾ, ਮੋਹਕਮਪੁਰਾ, ਬੀ ਡਵੀਜਨ, ਏ-ਡਵੀਜਨ, ਵੇਰਕਾ )

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਏ-ਡਵੀਜਨ** | 53 ਮਿਤੀ 13.04.25 ਜੁਰਮ 106(1), 281, 125(A), 125(B), 324(4) BNS | ਸੁਖਰਾਜ ਸ਼ਿੰਘ | ਨਾਮਲੂਮ | ਮੁਦਈ ਨੇ ਬਿਆਨ ਕੀਤਾ ਕਿ ਮੇਰੇ ਲੜਕੇ ਗੁਰਵਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਆਪਣੇ ਮੋਟਰਸਾਇਕਲ ਪਰ ਸਵਾਰ ਹੋ ਕੇ ਸੁਲਾਕੁਲ ਮੰਦਿਰ ਰਾਮਪੁਰਾ ਰੋਡ ਦਬੁਰਜੀ ਅੰਮ੍ਰਿਤਸਰ ਤੋ ਮੱਥਾ ਟੇਕ ਕੇ ਵਾਪਸ ਆ ਰਹੇ ਸੀ ਕਿ ਉਹਨਾਂ ਦਾ ਭੰਡਾਰੀ ਪੁੱਲ ਤੋ ਥੋੜੀ ਪਿਛੇ ਕਿਸੇ ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋ ਗਿਆ ਅਤੇ ਮੇਰੇ ਲੜਕੇ ਗੁਰਵਿੰਦਰ ਸਿੰਘ ਦੇ ਸਿਰ ਉਪਰੋ ਦੀ | LR/SI ਜਗਜੀਤ ਸਿੰਘ- |

| | | | | | | |
|---|---|---|---|---|---|---|
| | | | | | ਵਹੀਕਲ ਲੰਘਣ ਕਾਰਨ ਉਸਦੀ ਮੋਤ ਹੋ ਗਈ ਅਤੇ ਸੁਖਵਿੰਦਰ ਸਿੰਘ ਦੇ ਜਖਮੀ ਹੋਣ ਕਾਰਨ ਰਾਹਗੀਰਾ ਵੱਲੋ ਉਸਨੂੰ ਸਿਵਲ ਹਸਪਤਾਲ ਦਾਖਲ ਕਰਵਾ ਦਿੱਤਾ। ਉਕਤ ਬਿਆਨ ਮੌਸੂਲ ਥਾਣਾ ਹੋਣ ਪਰ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | |